# ਦਫਤਰ ਜਿਲ੍ਹਾ ਮੈਜਿਸਟਰੇਟ, ਬਠਿੰਡਾ

(ਫੁਟਕਲ ਸ਼ਾਖਾ)

ਹੁਕਮ ਅਧੀਨ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ,2023

ਵਿਸ਼ਾ - ਸ਼ਹਿਰ ਬਠਿੰਡਾ ਅੰਦਰ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਵੀ ਕਮਰਸ਼ੀਅਲ ਵਹੀਕਲਾਂ ਦੇ ਸੁਬਾ 07-00 ਵਜੇ ਤੋਂ ਰਾਤ 08-00 ਵਜੇ ਤੱਕ ਸ਼ਹਿਰ ਅੰਦਰ ਦਾਖਲ ਹੋਣ ਸਬੰਧੀ ਧਾਰਾ 163 BNSS ਦੇ ਆਰਡਰ ਜਾਰੀ ਕਰਨ ਸਬੰਧੀ।

ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਵੱਲੋ ਆਪਣੇ ਪੱਤਰ ਨੰ: 104599/ਸਬ ਮਿਤੀ 01/12/2023 ਰਾਹੀਂ ਨਿਮਨ ਹਸਤਾਖਰ ਜੀ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਸ਼ਹਿਰ ਬਠਿੰਡਾ ਦੀ ਆਬਾਦੀ ਕਾਫੀ ਵੱਧ ਗਈ ਹੈ ਅਤੇ ਆਬਾਦੀ ਵੱਧਣ ਕਾਰਨ ਸ਼ਹਿਰ ਅੰਦਰ ਗੱਡੀਆਂ ਦੀ ਗਿਣਤੀ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅੰਦਰ ਕਾਫੀ ਗਿਣਤੀ ਵਿੱਚ ਹੈਵੀ ਕਮਰਸ਼ੀਅਲ ਵਹੀਕਲ ਵੀ ਦਾਖਲ ਹੁੰਦੇ ਹਨ। ਬਠਿੰਡਾ ਸ਼ਹਿਰ ਪੁਰਾਣਾ ਹੋਣ ਕਰਕੇ ਸ਼ਹਿਰ ਅੰਦਰ ਕਈ ਥਾਵਾਂ ਤੇ ਟਰੈਫਿਕ ਪਾਰਕਿੰਗ ਲਈ ਯੋਗ ਜਗ੍ਹਾ ਨਹੀਂ ਹੈ। ਸ਼ਹਿਰ ਅੰਦਰ ਗੱਡੀਆਂ ਦਾ ਵਾਧਾ ਹੋਣ ਕਰਕੇ ਅਤੇ ਹੈਵੀ ਕਮਰਸ਼ੀਅਲ ਵਹੀਕਲਾਂ ਦੀ ਸ਼ਹਿਰ ਅੰਦਰ ਐਂਟਰੀ ਹੋਣ ਕਰਕੇ ਸ਼ਹਿਰ ਅੰਦਰ ਕਈ ਜਗ੍ਹਾ ਟਰੈਫਿਕ ਜਾਮ ਦੀ ਸਮੱਸਿਆ ਆ ਰਹੀ ਹੈ ਅਤੇ ਕਈ ਥਾਵਾਂ ਤੇ ਐਕਸੀਡੈਂਟ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਜਿਸਨੂੰ ਮੱਦੇਨਜਰ ਰੱਖਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸ਼ਹਿਰ ਅੰਦਰ ਸੁਬਾ 07-00 ਵਜੇ ਤੋਂ ਰਾਤ 08-00 ਵਜੇ ਤੱਕ ਹੈਵੀ ਕਮਰਸ਼ੀਅਲ ਵਹੀਕਲਾਂ (ਟਰੱਕ, ਟਰਾਲੇ, ਤੇਲ ਵਾਲੀਆਂ ਗੱਡੀਆਂ ਆਦਿ) ਦੇ ਦਾਖਲੇ ਨੂੰ ਰੋਕਣ ਲਈ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ,2023 ਤਹਿਤ ਪਾਬੰਦੀ ਦੇ ਹੁਕਮ ਜਾਰੀ ਕਰਨ ਲਈ ਮੰਗ ਕੀਤੀ ਗਈ। ਉਹਨਾਂ ਵੱਲੋ ਇਹਨਾਂ ਕਮਰਸ਼ੀਅਲ ਹੈਵੀ ਵਹੀਕਲਾਂ ਦੀ ਆਵਾਜਾਈ (ਸ਼ਹਿਰ ਤੋਂ ਬਾਹਰ -ਬਾਹਰ) ਲਈ ਨਿਮਨਲਿਖਤ ਅਨੁਸਾਰ ਡਾਇਵਰਜ਼ਨ ਪਲਾਨ ਤਿਆਰ ਕੀਤਾ ਗਿਆ ਹੈ।

<u>ਟਰੈਫਿਕ ਡਾਇਵਰਜਨ ਰੂਟ ਪਲਾਨ:-</u>

| ਲੜੀ ਨੰ. | ਜਿਸ ਸੜਕ ਦਾ ਟਰੈਫਿਕ ਡਾਇਵਰਟ ਕੀਤਾ ਜਾਣਾ ਹੈ। | ਡਾਇਵਰਜਨ ਪੁਆਇੰਟ | ਡਾਇਵਰਜਨ ਰੂਟ |
|---|---|---|---|
| 1 | ਮਾਨਸਾ ਸਾਈਡ ਤੋਂ ਆਉਣ ਵਾਲਾ ਟਰੈਫਿਕ | ਆਈ.ਟੀ.ਆਈ. ਚੌਂਕ | ਆਈ.ਟੀ.ਆਈ. ਚੌਂਕ ਤੋਂ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ |
| 2 | ਡੱਬਵਾਲੀ ਸਾਈਡ ਤੋਂ ਆਉਣ ਵਾਲਾ ਟਰੈਫਿਕ | ਟੀ-ਪੁਆਇੰਟ ਬਾਦਲ ਰੋਡ | ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ |
| 3 | ਮਲੋਟ/ਮੁਕਤਸਰ ਸਾਈਡ ਤੋਂ ਆਉਣ ਵਾਲਾ ਟਰੈਫਿਕ | •ਟੀ-ਪੁਆਇੰਟ ਰਿੰਗ ਰੋਡ, ਮਲੋਟ ਰੋਡ<br>• ਘਨੱਈਆ ਚੌਂਕ | ਰਿੰਗ ਰੋਡ ਤੋਂ ਆਈ.ਟੀ.ਆਈ.ਚੌਂਕ<br>ਘਨੱਈਆ ਚੌਂਕ ਤੋਂ ਬਰਨਾਲਾ ਬਾਈਪਾਸ |
| 4 | ਗੋਨਿਆਣਾ ਸਾਈਡ ਤੋਂ ਆਉਣ ਵਾਲਾ ਟਰੈਫਿਕ | ਘਨੱਈਆ ਚੌਂਕ, ਬਠਿੰਡਾ | •ਟੀ-ਪੁਆਇੰਟ ਰਿੰਗ ਰੋਡ ਮਲੋਟ ਰੋਡ ਤੋਂ ਰਿੰਗ ਰੋਡ<br>•ਘਨੱਈਆ ਚੌਂਕ ਤੋਂ ਬਰਨਾਲਾ ਬਾਈਪਾਸ |
| 5 | ਚੰਡੀਗੜ੍ਹ ਸਾਈਡ ਤੋਂ ਆਉਣ ਵਾਲਾ ਟਰੈਫਿਕ | ਬੀਬੀਵਾਲਾ ਚੌਂਕ ਬਠਿੰਡਾ | ਬੀਬੀਵਾਲਾ ਚੌਂਕ ਤੋਂ ਘਨੱਈਆ ਚੌਂਕ ਤੋਂ ਅੱਗੇ |

ਉਕਤ ਪੱਤਰ ਅਨੁਸਾਰ ਮੌਜੂਦਾ ਹਲਾਤਾ ਦੇ ਮੱਦੇ ਨਜ਼ਰ ਸ਼ਹਿਰ ਬਠਿੰਡਾ ਅੰਦਰ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਵੀ ਕਮਰਸ਼ੀਅਲ ਵਹੀਕਲਾਂ ਦੇ ਸੁਬਾ 07-00 ਵਜੇ ਤੋਂ ਰਾਤ 08-00 ਵਜੇ ਤੱਕ ਉਕਤ ਟੇਬਲ ਵਿੱਚ ਦਰਸਾਏ ਗਏ ਡਾਇਵਰਜਨ ਪੁਆਇੰਟ ਤੋਂ ਸ਼ਹਿਰ ਅੰਦਰ ਦਾਖਲ ਹੋਣ ਤੇ ਰੋਕਣ ਸਬੰਧੀ ਹੁਕਮ ਕਰਨ ਲਈ ਮੈਂ, ਸ਼ੌਕਤ ਅਹਿਮਦ ਪਰੇ, ਆਈ.ਏ.ਐੱਸ, ਜਿਲ੍ਹਾ ਮੈਜਿਸਟਰੇਟ, ਬਠਿੰਡਾ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਸ਼ਹਿਰ ਅੰਦਰ ਸੁਬਾ 07-00 ਵਜੇ ਤੋਂ ਰਾਤ 08-00 ਵਜੇ ਤੱਕ ਡਾਇਵਰਜਨ ਪੁਆਇੰਟ ਤੋਂ ਸ਼ਹਿਰ ਅੰਦਰ ਹੈਵੀ ਕਮਰਸ਼ੀਅਲ ਵਹੀਕਲਾਂ (ਟਰੱਕ, ਟਰਾਲੇ, ਤੇਲ ਵਾਲੀਆਂ ਗੱਡੀਆਂ ਆਦਿ) ਦੇ ਦਾਖਲੇ ਨੂੰ ਰੋਕਣ ਲਈ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ,2023 ਤਹਿਤ ਪਾਬੰਦੀ ਦੇ ਹੁਕਮ ਜਾਰੀ ਕਰਦਾ ਹਾਂ ।

ਜਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ , ਬਠਿੰਡਾ ਵਲੋਂ ਆਪਣੇ ਪੱਤਰ ਨੰ. ਅ-15-2024/372 ਮਿਤੀ 23.01.2024 ਰਾਹੀਂ ਫੂਡ ਗਰੇਨ ਦੇ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਲਈ ਛੋਟ ਦੇਣ ਦੀ ਮੰਗ ਕੀਤੀ ਗਈ ਹੈ। ਇਹਨਾਂ ਫੂਡ ਗਰੇਨ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਤੋ ਪਹਿਲਾਂ, ਟਰੱਕ ਮਾਲਕਾਂ ਵਲੋਂ DFSC ਬਠਿੰਡਾ ਤੋਂ ਸ੍ਰਪੈਸ਼ਲ ਪਾਸ ਜਾਰੀ ਕਰਵਾਏ ਜਾਣਗੇ।

DFSC ਬਠਿੰਡਾ ਵਲੋਂ ਇਹ ਪਾਸ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਨਾਲ ਤਾਲਮੇਲ ਕਰਕੇ ਜਾਰੀ ਕੀਤੇ ਜਾਣਗੇ ।

ਇਹ ਹੁਕਮ ਮਿਤੀ 10/02 /2025 ਤੋਂ 09/04 /2025 ਤੱਕ ਲਾਗੂ ਰਹੇਗਾ।

ਇਸ ਹੁਕਮ ਦੀ ਪਾਲਣਾ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਅਤੇ ਰਿਜਨਲ ਟਰਾਂਸਪੋਰਟ ਅਫਸਰ, ਬਠਿੰਡਾ ਵੱਲੋ ਯਕੀਨੀ ਬਣਾਈ ਜਾਵੇਗੀ। ਮੌਜੂਦਾ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਜਾਰੀ ਕੀਤਾ ਜਾਂਦਾ ਹੈ।

ਇਹ ਹੁਕਮ ਅੱਜ ਮਿਤੀ 10/ 02 /2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ ਹੈ।

(ਸ਼ੌਕਤ ਅਹਿਮਦ ਪਰੇ, ਆਈ.ਏ.ਐੱਸ)
ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ( )2025/ 1332 ਮਿਤੀ: 11.02.25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

ਪਿੱਠ ਅੰਕਣ ਨੰ 3627 - 3726 /ਫਸ ਮਿਤੀ 10 / 02/2025

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2 ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
3. ਡੀ.ਆਈ.ਜੀ (ਸੀ.ਆਈ.ਡੀ),ਪੰਜਾਬ, ਚੰਡੀਗੜ੍ਹ/ ਡੀ.ਆਈ.ਜੀ. ਪੁਲਿਸ ਰੇਂਜ, ਫਰੀਦਕੋਟ, ਬਠਿੰਡਾ।
4. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
5 ਜਿਲ੍ਹਾ ਤੇ ਸੈਸ਼ਨ ਜੱਜ ਬਠਿੰਡਾ
6 ਜਿਲ੍ਹਾ ਮੈਜਿਸਟਰੇਟ, ਫਰੀਦਕੋਟ/ ਫਿਰੋਜ਼ਪੁਰ / ਜਲੰਧਰ/ ਅੰਮ੍ਰਿਤਸਰ/ ਬਰਨਾਲਾ/ ਕਪੂਰਥਲਾ/ ਹੁਸ਼ਿਆਰਪੁਰ/ ਪਟਿਆਲਾ/ ਮਾਨਸਾ/ ਮੁਕਤਸਰ/ ਰੂਪਨਗਰ/ ਨਵਾਂਸ਼ਹਿਰ/ ਫਤਿਹਗੜ੍ਹ ਸਾਹਿਬ/ ਤਰਨਤਾਰਨ/ ਲੁਧਿਆਣਾ/ ਮੋਗਾ/ ਪਠਾਨਕੋਟ/ /ਸੰਗਰੂਰ/ ਗੁਰਦਾਸਪੁਰ/ ਮੁਹਾਲੀ/ ਤਰਨਤਾਰਨ/ ਲੁਧਿਆਣਾ/ ਪਠਾਨਕੋਟ/ ਫਾਜ਼ਿਲਕਾ/ ਮਲੇਰਕੋਟਲਾ।
7 ਸੀਨੀਅਰ ਕਪਤਾਨ ਪੁਲਿਸ, ਬਠਿੰਡਾ
8 ਕਮਿਸ਼ਨਰ, ਨਗਰ ਨਿਗਮ, ਬਠਿੰਡਾ/ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ),ਬਠਿੰਡਾ/ਵਧੀਕ ਡਿਪਟੀ ਕਮਿਸ਼ਨਰ (ਜ) ਬਠਿੰਡਾ/ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ ), ਬਠਿੰਡਾ/ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ/ ਸਹਾਇਕ ਕਮਿਸ਼ਨਰ (ਜ), ਬਠਿੰਡਾ।ਸਹਾਇਕ ਕਮਿਸ਼ਨਰ (ਸ਼ਿਕਾਇਤਾਂ), ਬਠਿੰਡਾ। ਵਧੀਕ ਮੁੱਖ ਪ੍ਰਸ਼ਾਸਕ( ਪੁੱਡਾ), ਬਠਿੰਡਾ/ਮੁੱਖ ਪ੍ਰਸ਼ਾਸਕ ਬਠਿੰਡਾ ਵਿਕਾਸ ਅਥਾਰਟੀ, ਬਠਿੰਡਾ/ ਰਿਜਨਲ ਟਰਾਂਸਪੋਰਟ ਅਫਸਰ, ਬਠਿੰਡਾ
9. ਉਪ ਮੰਡਲ ਮੈਜਿਸਟਰੇਟ, ਬਠਿੰਡਾ/ ਰਾਮਪੁਰਾ ਫੂਲ/ ਤਲਵੰਡੀ ਸਾਬੋ/ਮੌੜ/ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ/ਸਟੇਸ਼ਨ ਹੈੱਡ-ਕੁਆਟਰ,ਮਿਲਟਰੀ ਸਟੇਸ਼ਨ, ਬਠਿੰਡਾ/ਸਟੇਸ਼ਨ ਕਮਾਂਡਰ, ਏਅਰ ਫੋਰਸ ਸਟੇਸ਼ਨ, ਭਿਸੀਆਣਾ, ਜਿਲ੍ਹਾ ਬਠਿੰਡਾ।
10. ਜ਼ਿਲ੍ਹਾ ਮਾਲ ਅਫਸਰ, ਬਠਿੰਡਾ/ ਤਹਿਸੀਲਦਾਰ, ਬਠਿੰਡਾ/ ਰਾਮਪੁਰਾ ਫੂਲ/ ਤਲਵੰਡੀ ਸਾਬੋ/ ਮੌੜ/ਨਾਇਬ ਤਹਿਸੀਲਦਾਰ, ਮੌੜ/ ਨਥਾਣਾ/ਸੰਗਤ/ਭਗਤਾ ਭਾਈਕਾ ਅਗਰੇਰੀਅਨ, ਬਠਿੰਡਾ/ਮਿਲਟਰੀ ਲੈਂਡ ਐਕੁਜੀਸ਼ਨ, ਬਠਿੰਡਾ/ਡਿਪਟੀ ਡਾਇਰੈਕਟਰ ਪਸ਼ੂ ਪਾਲਣ ਬਠਿੰਡਾ।
11. ਜਿਲ੍ਹਾ ਮੈਨੇਜਰ F.C.I ਬਠਿੰਡਾ, / ਜਿਲ੍ਹਾ ਮੈਨੇਜਰ ਉਦਯੋਗ ਕੇਂਦਰ, ਬਠਿੰਡਾ ।
12. ਜਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਬਠਿੰਡਾ ।
13. ਟਰੈਫਿਕ ਇੰਚਾਰਜ ਪੁਲਿਸ, ਬਠਿੰਡਾ ।
14. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ/ ਸੰਗਤ/ ਨਥਾਣਾ/ ਰਾਮਪੁਰਾ/ਫੂਲ/ ਭਗਤਾ ਭਾਈਕਾ/ਤਲਵੰਡੀ ਸਾਬੋ/ ਮੌੜ /ਗੋਨਿਆਣਾ ਮੰਡੀ
15. ਕਾਰਜ ਸਾਧਕ ਅਫਸਰ,ਨਗਰ ਕੌਂਸਲ, ਨਗਰ ਪੰਚਾਇਤਾਂ/ ਗੋਨਿਆਣਾ/ਭੁੱਚੋਮੰਡੀ/ਸੰਗਤ / ਕੋਟਫੱਤਾ / ਮੌੜ/ਰਾਮਾਂ ਮੰਡੀ/ਰਾਮਪੁਰਾ ਫੂਲ/ ਭਾਈ ਰੂਪਾ ਤਲਵੰਡੀ ਸਾਬੋ/ ਕੋਟਸ਼ਮੀਰ/ ਲਹਿਰਾ ਮੁਹੱਬਤ/ਭਗਤਾ ਭਾਈਕਾ/ਮਹਿਰਾਜ/ਮਲੂਕਾ/ਕੋਠਾ ਗੁਰੂ ਕਾ/ਨਥਾਣਾ।
16. ਸਕੱਤਰ ਮਾਰਕਿਟ ਕਮੇਟੀ, ਬਠਿੰਡਾ, ਗੋਨਿਆਣਾ /ਭੁੱਚੋ /ਰਾਮਾਂ /ਮੌੜ /ਸੰਗਤ /ਤਲਵੰਡੀ ਸਾਬੋ ਰਾਮਪੁਰਾ ਫੂਲ ਭਗਤਾ ਭਾਈਕਾ।
17. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਪਾਸ ਉਕਤ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਭੇਜਣ ਹਿੱਤ ਭੇਜਿਆ ਜਾਂਦਾ ਹੈ।
18. District Informatics Officer ,NIC ,ਬਠਿੰਡਾ ਪਾਸ ਹੁਕਮ ਦੀ ਕਾਪੀ ਜ਼ਿਲੇ ਦੀ ਵੈੱਬਸਾਈਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।
19. ਪੀ.ਏ.ਟੂ ਡੀ.ਸੀ./ਪੀ.ਏ. ਟੂਏ.ਡੀ.ਸੀ.,ਬਠਿੰਡਾ ਪਾਸ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ